Alberta

ਨਿਊਜ਼ ਰਿਲੀਜ਼

# ਇਮੀਗ੍ਰੇਸ਼ਨ ਪਾਥਵੇਅ ਅਲਬਰਟਾ ਸਿਹਤ ਸੰਭਾਲ ਦੀ ਸਹਾਇਤਾ ਕਰਦਾ ਹੈ

08 ਅਗਸਤ, 2024 ਮੀਡੀਆ ਪੁੱਛਗਿੱਛ

## ਅਲਬਰਟਾ ਵਿੱਚ ਨਵੇਂ ਆਏ ਲੋਕ ਆਪਣੇ ਸਿਹਤ ਸੰਭਾਲ ਦੇ ਤਜ਼ਰਬੇ ਨੂੰ ਸੂਬੇ ਭਰ ਦੀਆਂ ਛੋਟੀਆਂ ਨਗਰ ਪਾਲਿਕਾਵਾਂ ਵਿੱਚ ਬਹੁਮੁੱਲੀ ਵਰਤੋਂ ਵਿੱਚ ਲਿਆ ਰਹੇ ਹਨ।

ਸੂਬੇ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਅਲਬਰਟਾ ਦੀ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਤਜਰਬੇਕਾਰ ਅੰਤਰਰਾਸ਼ਟਰੀ ਸਿਹਤ ਪੇਸ਼ੇਵਰਾਂ ਨੂੰ ਸੂਬੇ ਵਿੱਚ ਆਕਰਸ਼ਿਤ ਕਰਕੇ, ਸੂਬੇ ਦੀ ਸਿਹਤ ਪ੍ਰਣਾਲੀ ਵਿੱਚ ਮਹੱਤਵਪੂਰਨ ਸਹਾਇਤਾ ਸ਼ਾਮਲ ਕੀਤੀ ਜਾਂਦੀ ਹੈ ਤਾਂ ਜੋ ਅਲਬਰਟਾ ਦੇ ਲੋਕ ਦੇਖਭਾਲ ਤੱਕ ਪਹੁੰਚ ਕਰ ਸਕਣ ਜਦੋਂ ਅਤੇ ਜਿੱਥੇ ਉਹਨਾਂ ਨੂੰ ਇਸਦੀ ਲੋੜ ਹੋਵੇ।

ਅਪ੍ਰੈਲ 2023 ਵਿੱਚ, ਅਲਬਰਟਾ ਦੀ ਸਰਕਾਰ ਨੇ ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਰਾਹੀਂ ਇੱਕ ਡੇਡੀਕੇਟਿਡ ਸਮਰਪਿਤ ਹੈਲਥ ਕੇਅਰ ਪਾਥਵੇਅ ਬਣਾਇਆ। ਇਹ ਪ੍ਰੋਗਰਾਮ ਲੇਬਰ ਦੀ ਕਮੀ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਅੰਤਰਰਾਸ਼ਟਰੀ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਅਲਬਰਟਾ ਵੱਲ ਆਕਰਸ਼ਿਤ ਕਰਨ ਵਿੱਚ ਮਦਦ ਕਰਦਾ ਹੈ।

ਇਸਦੀ ਸ਼ੁਰੂਆਤ ਤੋਂ ਲੈ ਕੇ, ਡੇਡੀਕੇਟਿਡ ਹੈਲਥ ਕੇਅਰ ਪਾਥਵੇਅ ਨੇ 2023 ਵਿੱਚ 122 ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸਫਲਤਾਪੂਰਵਕ ਨਾਮਜ਼ਦ ਕੀਤਾ, ਅਤੇ 2024 ਦੇ ਪਹਿਲੇ ਅੱਧ ਵਿੱਚ 258 ਨੂੰ। ਇਸ ਪਾਥਵੇਅ ਦੇ ਤਹਿਤ ਨੌਂ ਪੇਸ਼ੇ ਯੋਗ ਹਨ, ਜਿਨ੍ਹਾਂ ਵਿੱਚ ਡਾਕਟਰ, ਨਰਸਾਂ, ਫਿਜ਼ੀਓਥੈਰੇਪਿਸਟ ਅਤੇ ਮਨੋਵਿਗਿਆਨੀ ਸ਼ਾਮਲ ਹਨ। 150 ਤੋਂ ਵੱਧ ਪੇਸ਼ੇਵਰ ਐਡਮੰਟਨ ਅਤੇ ਕੈਲਗਰੀ ਤੋਂ ਬਾਹਰ ਕਮਿਊਨਿਟੀਆਂ ਵੱਲ ਜਾ ਰਹੇ ਹਨ।

"ਮੈਨੂੰ ਡੇਡੀਕੇਟਿਡ ਹੈਲਥ ਕੇਅਰ ਪਾਥਵੇਅ ਦੀ ਸ਼ਾਨਦਾਰ ਸਫਲਤਾ 'ਤੇ ਮਾਣ ਹੈ, ਅਤੇ ਮੈਨੂੰ ਬਹੁਤ ਸਾਰੇ ਤਜਰਬੇਕਾਰ ਸਿਹਤ ਪੇਸ਼ੇਵਰਾਂ ਨੂੰ ਕੈਲਗਰੀ ਅਤੇ ਐਡਮੰਟਨ ਤੋਂ ਬਾਹਰ ਦੇ ਖੇਤਰਾਂ ਵਿੱਚ ਜਾਂਦੇ ਦੇਖ ਕੇ ਬਹੁਤ ਖੁਸ਼ੀ ਹੋਈ ਹੈ। ਇਸ ਪ੍ਰੋਗਰਾਮ ਦੇ ਨਾਲ, ਅਸੀਂ ਅਲਬਰਟਾ ਵਾਸੀਆਂ ਦੀ ਦੇਖਭਾਲ ਲਈ ਸਮੇਂ ਸਿਰ ਪਹੁੰਚ ਵਧਾ ਰਹੇ ਹਾਂ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ।"

*ਮੁਹੰਮਦ ਯਾਸੀਨ, ਮਨਿਸਟਰ ਔਫ ਇਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਹੈਲਥ ਕੇਅਰ ਪਾਥਵੇਅ ਉਹਨਾਂ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਲਈ ਤਿਆਰ ਕੀਤਾ ਗਿਆ ਹੈ ਜਿਹਨਾਂ ਨੂੰ ਅਲਬਰਟਾ ਵਿੱਚ ਪ੍ਰੈਕਟਿਸ ਕਰਨ ਲਈ ਅਧਿਕਾਰ ਪ੍ਰਾਪਤ ਹਨ ਅਤੇ ਜਿਹਨਾਂ ਕੋਲ ਹੈਲਥ ਕੇਅਰ ਸੈਕਟਰ ਵਿੱਚ ਅਲਬਰਟਾ ਨੌਕਰੀ ਦੀ ਪੇਸ਼ਕਸ਼ ਹੈ। ਨਾਮਜ਼ਦ ਕੀਤੇ ਜਾਣ ਤੋਂ ਬਾਅਦ, ਵਿਅਕਤੀ ਫਿਰ ਇੱਕ ਸੂਬਾਈ ਨਾਮਜ਼ਦ ਵਿਅਕਤੀ ਵਜੋਂ ਸੰਘੀ ਸਰਕਾਰ ਰਾਹੀਂ ਸਥਾਈ ਨਿਵਾਸ ਲਈ ਅਰਜ਼ੀ ਦਿੰਦਾ ਹੈ।

"ਅਸੀਂ ਰੁਕਾਵਟਾਂ ਨੂੰ ਘਟਾ ਕੇ ਅਤੇ ਉਹਨਾਂ ਲਈ ਮੌਕਿਆਂ ਵਿੱਚ ਸੁਧਾਰ ਕਰਕੇ ਅਲਬਰਟਾ ਵਿੱਚ ਸਿਹਤ ਸੰਭਾਲ ਕਰਮਚਾਰੀਆਂ ਦੀ ਭਰਤੀ ਅਤੇ ਉਹਨਾਂ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹਾਂ। ਅਲਬਰਟਾ ਹੈਲਥ ਵਰਕਫੋਰਸ ਸਟ੍ਰੈਟੇਜੀ ਦੇ ਜ਼ਰੀਏ, ਡੇਡੀਕੇਟਿਡ ਹੈਲਥ ਕੇਅਰ ਪਾਥਵੇਅ ਵਰਗੇ ਪ੍ਰੋਗਰਾਮ ਉਹਨਾਂ ਲੋਕਾਂ ਲਈ ਹੱਲ ਪ੍ਰਦਾਨ ਕਰਦੇ ਹਨ ਜੋ ਸਾਡੇ ਸੂਬੇ ਵਿੱਚ ਸਿਹਤ ਸੰਭਾਲ ਵਿੱਚ ਕੰਮ ਕਰਨ ਲਈ ਆਉਂਦੇ ਹਨ ਤਾਂ ਜੋ ਇੱਥੇ ਰਿਹਾ ਅਤੇ ਜੀਵਨ ਬਤੀਤ ਕੀਤਾ ਜਾ ਸਕੇ। ਅਸੀਂ ਅਲਬਰਟਾ ਵਾਸੀਆਂ ਦੀਆਂ ਮੌਜੂਦਾ ਅਤੇ ਉੱਭਰ ਰਹੀਆਂ ਸਿਹਤ ਦੇਖਭਾਲ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਪ੍ਰਤਿਭਾ ਵਾਸਤੇ ਯੋਜਨਾ ਬਣਾਉਣਾ ਜਾਰੀ ਰੱਖਾਂਗੇ।"

*ਏਡਰੀਐਨਾ ਲਾਗਰੇਂਜ, ਸਿਹਤ ਮੰਤਰੀ*

"ਅਲਬਰਟਾ ਦੀ ਸਰਕਾਰ ਵਧੇਰੇ ਸਿਹਤ ਸੰਭਾਲ ਪੇਸ਼ੇਵਰਾਂ ਦੀ ਤੁਰੰਤ ਲੋੜ ਲਈ ਜਵਾਬਦੇਹ ਰਹੀ ਹੈ, ਅਤੇ ਅਸੀਂ ਨਿਰੰਤਰ ਸਹਾਇਤਾ ਅਤੇ ਸਹਿਯੋਗ ਲਈ ਧੰਨਵਾਦੀ ਹਾਂ। ਡੇਡੀਕੇਟਿਡ ਹੈਲਥ ਕੇਅਰ ਪਾਥਵੇਅ ਨੇ ਅੰਤਰਰਾਸ਼ਟਰੀ ਬਿਨੈਕਾਰਾਂ ਨੂੰ AHS ਵੱਲ ਆਕਰਸ਼ਿਤ ਕਰਨ ਦੀ ਸਾਡੀ ਯੋਗਤਾ 'ਤੇ ਮਹੱਤਵਪੂਰਨ ਪ੍ਰਭਾਵ ਪਾਇਆ ਹੈ, ਖਾਸ ਤੌਰ 'ਤੇ ਸਿਖਲਾਈ ਪ੍ਰਾਪਤ ਨਰਸਾਂ ਜੋ ਉਹ ਗਿਆਨ ਅਤੇ ਅਨੁਭਵ ਲਿਆਉਂਦੀਆਂ ਹਨ ਜਿਸਦੀ ਸਾਨੂੰ ਵਰਤਮਾਨ ਵਿੱਚ ਲੋੜ ਹੈ।"

*ਅਥਾਨਾ ਮੈਂਟਜ਼ੇਲੋਪੋਲੋਸ, ਪ੍ਰਧਾਨ ਅਤੇ CEO, ਅਲਬਰਟਾ ਹੈਲਥ ਸਰਵਿਸਿਜ਼*

ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਸਿਹਤ ਸੰਭਾਲ ਸਮੇਤ ਸਾਰੇ ਖੇਤਰਾਂ ਵਿੱਚ ਲੇਬਰ ਚੁਣੌਤੀਆਂ ਨੂੰ ਹੱਲ ਕਰਕੇ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਵਿਕਾਸ ਕਰਨ ਵਿੱਚ ਮਦਦ ਕਰਦਾ ਹੈ।

## ਮੁੱਖ ਤੱਥ:

- 2023: ਪਾਥਵੇਅ ਵਿੱਚ ਨਾਮਜ਼ਦ ਕੀਤੇ ਗਏ 122 ਸਿਹਤ ਪੇਸ਼ੇਵਰਾਂ ਵਿੱਚੋਂ, 59 ਕੈਲਗਰੀ ਅਤੇ ਐਡਮੰਟਨ ਤੋਂ ਬਾਹਰ ਦੇ ਸਥਾਨਾਂ ਲਈ ਨਿਯਤ ਕੀਤੇ ਗਏ ਸਨ, ਜਿਨ੍ਹਾਂ ਵਿੱਚ 19 ਡਾਕਟਰ ਅਤੇ 25 ਰਜਿਸਟਰਡ ਨਰਸਾਂ ਸ਼ਾਮਲ ਸਨ।
- 2024: ਜੁਲਾਈ 2024 ਤੱਕ ਨਾਮਜ਼ਦ ਕੀਤੇ ਗਏ 258 ਸਿਹਤ ਪੇਸ਼ੇਵਰਾਂ ਵਿੱਚੋਂ, 93 ਕੈਲਗਰੀ ਅਤੇ ਐਡਮੰਟਨ ਤੋਂ ਬਾਹਰ ਦੇ ਭਾਈਚਾਰਿਆਂ ਲਈ ਨਿਯਤ ਕੀਤੇ ਗਏ ਸਨ, ਜਿਨ੍ਹਾਂ ਵਿੱਚ 14 ਡਾਕਟਰ ਅਤੇ 61 ਰਜਿਸਟਰਡ ਨਰਸਾਂ ਸ਼ਾਮਲ ਹਨ।

- ਯੋਗ ਹੋਣ ਲਈ, ਬਿਨੈਕਾਰਾਂ ਨੂੰ ਸੰਬੰਧਿਤ ਰੈਗੂਲੇਟਰੀ ਕਾਲਜ ਦੁਆਰਾ ਅਲਬਰਟਾ ਵਿੱਚ ਪ੍ਰੈਕਟਿਸ ਕਰਨ ਲਈ ਅਧਿਕਾਰ ਪ੍ਰਾਪਤ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਕੋਲ ਅਲਬਰਟਾ ਦੇ ਸਿਹਤ ਸੰਭਾਲ ਖੇਤਰ ਵਿੱਚ ਨੌਕਰੀ ਦੀ ਪੇਸ਼ਕਸ਼ ਹੋਣੀ ਚਾਹੀਦੀ ਹੈ।

## ਸੰਬੰਧਿਤ ਜਾਣਕਾਰੀ

- ਸਮਰਪਿਤ ਹੈਲਥ ਕੇਅਰ ਪਾਥਵੇਅ

## ਮੀਡੀਆ ਪੁੱਛਗਿੱਛ


### Marisa Breeze (ਮਰਿਸਾ ਬ੍ਰੀਜ਼)

780-235-4427
ਪ੍ਰੈੱਸ ਸਕੱਤਰ, ਇਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ